# ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਫ਼ਾਜ਼ਿਲਕਾ

- **ਫ਼ੌਜ ਵਿਚ ਭਰਤੀ ਹੋਣ ਸਬੰਧੀ ਲਿਖਤੀ ਪੇਪਰ  ਲਈ ਟ੍ਰੇਨਿੰਗ ਕੈਪ ਸ਼ੁਰੂ**
- **ਲਿਖਤੀ ਪੇਪਰ ਦੀ ਤਿਆਰੀ ਲਈ ਵੱਧ ਤੋ ਵੱਧ ਉਮੀਦਵਾਰ ਸੀ-ਪਾਈਟ ਸੈਂਟਰ ਵਿਖੇ ਪਹੁੰਚਣ**
- **ਸੈਂਟਰ ਵਿਖੇ ਰਹਿਣ ਸਹਿਣ, ਖਾਣ ਪੀਣ ਆਦਿ ਦਾ ਪ੍ਰਬੰਧ ਪੰਜਾਬ ਸਰਕਾਰ ਵੱਲੋਂ ਮੁਫ਼ਤ ਉਪਲੱਬਧ**

ਫਾਜਿਲਕਾ   19 ਸਤੰਬਰ

ਫ਼ੌਜ ਦੀ ਭਰਤੀ ਦੌਰਾਨ ਜਿਹੜੇ ਉਮੀਦਵਾਰ ਚੁਣੇ ਗਏ ਹਨ, ਉਨ੍ਹਾਂ ਉਮੀਦਵਾਰਾਂ ਦੇ ਅਕਤੂਬਰ ਮਹੀਨੇ ਵਿਚ ਹੋਣ ਵਾਲੇ ਲਿਖਤੀ ਪੇਪਰ ਦੀਆਂ ਤਿਆਰੀਆਂ ਸਬੰਧੀ ਟ੍ਰੇਨਿੰਗ ਕੈਂਪ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਹਕੂਮਤ ਸਿੰਘ ਵਾਲਾ ਵਿਖੇ ਸ਼ੁਰੂ ਹੋ ਚੁੱਕੇ ਹਨ ਜਿੱਥੇ ਕਿ ਵੱਡੀ ਗਿਣਤੀ ਵਿਚ ਉਮੀਦਵਾਰ ਆਪਣੇ ਲਿਖਤੀ ਪੇਪਰ ਦੀ ਤਿਆਰੀ ਸਬੰਧੀ ਦਾਖਲਾ ਲੈ ਰਹੇ ਹਨ। ਹੁਣ ਤੱਕ ਫ਼ਿਰੋਜ਼ਪੁਰ ਅਤੇ ਸ੍ਰੀ.ਮੁਕਤਸਰ ਜ਼ਿਲ੍ਹੇ ਨਾਲ ਸਬੰਧਿਤ 140 ਦੇ ਕਰੀਬ ਉਮੀਦਵਾਰ ਨੇ ਆਪਣੇ ਨਾਮ ਦਾਖਲ ਕਰਵਾਏ ਹਨ ਅਤੇ ਜ਼ਿਲ੍ਹਾ ਫ਼ਾਜ਼ਿਲਕਾ ਦੇ ਉਮੀਦਵਾਰ ਵੀ ਜਲਦੀ ਤੋ ਜਲਦੀ ਸੈਂਟਰ ਵਿਖੇ ਆਪਣਾ ਨਾਮ ਦਾਖਲ ਕਰਵਾਉਣ ਤਾਂ ਜੋ ਲਿਖਤੀ ਪੇਪਰ ਦੀ ਟ੍ਰੇਨਿੰਗ ਲੈ ਕੇ ਫ਼ੌਜ ਵਿਚ ਭਰਤੀ ਹੋ ਸਕਣ। ਇਹ ਜਾਣਕਾਰੀ ਮੇਜਰ ਅਮਰਜੀਤ ਸਿੰਘ ਟ੍ਰੇਨਿੰਗ ਅਫ਼ਸਰ ਸੀ-ਪਾਈਟ ਨੇ ਦਿੱਤੀ।

ਮੇਜਰ ਅਮਰਜੀਤ ਸਿੰਘ ਨੇ ਅੱਗੇ ਦੱਸਿਆ ਕਿ ਉਮੀਦਵਾਰ ਵੀ ਆਪਣੀ ਲਿਖਤੀ ਪੇਪਰ ਦੀ ਤਿਆਰੀ ਲਈ ਫ਼ੌਜ ਵਿਚ ਭਰਤੀ ਹੋਣਾ ਚਾਹੁੰਦਾ ਹੋਵੇ ਉਹ ਕਿਸੇ ਵਿਅਕਤੀ ਦੀਆਂ ਗੱਲਾ ਵਿਚ ਨਾ ਆਵੇ ਅਤੇ ਕਿਸੇ ਤਰ੍ਹਾਂ ਦੀ ਰਿਸ਼ਵਤ ਆਦਿ ਨਾ ਦੇਵੇ। ਉਨ੍ਹਾਂ ਕਿਹਾ ਕਿ ਫ਼ੌਜ ਵਿਚ ਭਰਤੀ ਹੋਣ ਲਈ ਕੋਈ ਵੀ ਰਿਸ਼ਵਤ ਨਹੀਂ ਚੱਲਦੀ ਅਤੇ ਸਭ ਮੈਰਿਟ ਦੇ ਆਧਾਰ ਤੇ ਹੁੰਦਾ ਹੈ। ਉਨ੍ਹਾਂ ਕਿਹਾ ਕਿ ਉਮੀਦਵਾਰ ਲਿਖਤੀ ਪੇਪਰ ਦੀ ਤਿਆਰੀ ਕਰਨ ਲਈ ਸੀ-ਪਾਈਟ ਸੈਂਟਰ ਪਿੰਡ ਹਕੂਮਤ ਸਿੰਘ ਵਾਲਾ ਵਿਖੇ ਆ ਕੇ ਆਪਣਾ ਨਾਮ ਦਾਖਲ ਕਰਵਾਉਣ। ਉਨ੍ਹਾਂ ਦੱਸਿਆ ਕਿ ਸੀ-ਪਾਈਟ ਸੈਂਟਰ ਵਿਖੇ ਨੌਜਵਾਨਾਂ ਨੂੰ  ਫ਼ੌਜ ਦੇ ਰਿਟਾਇਰਡ ਕਰਮਚਾਰੀ ਅਤੇ ਬੀ.ਐਸ.ਸੀ, ਬੀ.ਐਂਡ. ਅਤੇ ਐਮ.ਐਂਡ. ਪਾਸ ਤਜਰਬੇਕਾਰ ਮਾਸਟਰਾਂ ਵੱਲੋਂ ਲਿਖਤੀ ਪੇਪਰ ਦੀ ਸਲੇਬਸ ਅਨੁਸਾਰ ਤਿਆਰੀ ਕਰਵਾਈ ਜਾਵੇਗੀ। ਜਿਨ੍ਹਾਂ ਵਿਚ ਫ਼ਿਰੋਜ਼ਪੁਰ, ਫ਼ਰੀਦਕੋਟ, ਸ੍ਰੀ.ਮੁਕਤਸਰ ਸਾਹਿਬ ਅਤੇ ਫ਼ਾਜ਼ਿਲਕਾ ਜ਼ਿਲ੍ਹਿਆਂ ਦੇ  ਨੌਜਵਾਨ ਹਿੱਸਾ ਲੈਂਦੇ ਹਨ। ਉਨ੍ਹਾਂ ਕਿਹਾ ਕਿ ਸੀ-ਪਾਈਟ ਸੈਂਟਰ ਪੰਜਾਬ ਸਰਕਾਰ ਦਾ ਅਦਾਰਾ ਹੋਣ ਕਰਕੇ ਇੱਥੇ  ਰਹਿਣ ਸਹਿਣ, ਖਾਣ ਪੀਣ ਆਦਿ ਦਾ ਪ੍ਰਬੰਧ ਪੰਜਾਬ ਸਰਕਾਰ ਵੱਲੋਂ ਮੁਫ਼ਤ ਕੀਤਾ ਜਾਂਦਾ ਹੈ।

ਮੇਜਰ ਅਮਰਜੀਤ ਸਿੰਘ ਨੇ ਫ਼ੌਜ ਵਿਚ ਭਰਤੀ ਹੋਣ ਵਾਲੇ ਜ਼ਿਲ੍ਹੇ ਚਾਹਵਾਨ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਜਿਹੜੇ ਨੌਜਵਾਨ ਇਸ ਪ੍ਰੀਖਿਆ ਲਈ ਤਿਆਰੀ ਕਰਨੀ ਚਾਹੁੰਦੇ ਹੋਣ ਉਹ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਹਕੂਮਤ ਸਿੰਘ ਵਾਲਾ ਵਿਖੇ ਸੀ-ਪਾਈਟ ਦੇ ਦਫ਼ਤਰ ਜਾਂ  ਮੋਬਾਇਲ ਨੰ: 88728-02046, 78891-75575 ਤੇ ਸੰਪਰਕ ਕਰ ਸਕਦੇ ਹਨ।